Punjab Government Gazette

Published by Authority

No. 31] CHANDIGARH, FRIDAY, JULY 31, 2026 (SRAVANA 9, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਵਿਭਾਗ

(ਅਮਲਾ-1 ਸ਼ਾਖਾ)

ਅਧਿਸੂਚਨਾ

ਮਿਤੀ 2 ਜੁਲਾਈ, 2026

ਨੰ.FC-ESTI/40/2026-3E1/I/1435333/2026.-ਸ਼੍ਰੀ ਜਸਪ੍ਰੀਤ ਸਿੰਘ ਕਾਹਲੋਂ ਪੁੱਤਰ ਸ਼੍ਰੀ ਰਣਜੀਤ ਸਿੰਘ, ਸੰਯੁਕਤ ਡਾਇਰੈਕਟਰ, ਦਫਤਰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਮਿਤੀ 25.05.2026 ਤੋਂ ਸਵੈ-ਇਛੁੱਤ ਰਿਟਾਇਰਮੈਂਟ ਲੈਣ ਲਈ ਪ੍ਰਤੀਬੇਨਤੀ ਮਿਤੀ 25.02.2026 ਨੂੰ ਪੇਸ਼ ਕੀਤੀ ਗਈ ਸੀ। ਅਧਿਕਾਰੀ ਵੱਲੋਂ ਦਿੱਤੀ ਗਈ ਪ੍ਰਤੀ-ਬੇਨਤੀ ਵਿਚਾਰਨ ਉਪਰੰਤ ਉਸਨੂੰ ਪੰਜਾਬ ਸਿਵਲ ਸੇਵਾਵਾਂ (Premature Retirement) ਰੂਲਜ਼, 1975 ਦੇ ਨਿਯਮ 3 (1) ਅਤੇ (2) ਵਿੱਚ ਦਰਜ ਉਪਬੰਧਾਂ ਤਹਿਤ ਮਿਤੀ 2.07.2026 (ਬਾਅਦ ਦੁਪਿਹਰ) ਤੋਂ ਸਰਕਾਰੀ ਸੇਵਾ ਵਿੱਚੋਂ ਇਸ ਸ਼ਰਤ ਤੇ ਸਵੈ-ਇੱਛਤ ਸੇਵਾ-ਨਿਵਿਰਤ ਕੀਤਾ ਜਾਂਦਾ ਹੈ ਕਿ ਭਵਿੱਖ ਵਿੱਚ ਜੇਕਰ ਅਧਿਕਾਰੀ ਵਿਰੁੱਧ ਕੋਈ ਕਰੀਮੀਨਲ, ਸਿਵਲ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ/ਵਿਭਾਗੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਆਦਿ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਸ ਵਿਰੁੱਧ ਪੰਜਾਬ ਸੀ.ਐਸ.ਆਰ ਭਾਗ-II ਦੇ ਨਿਯਮ 2.2 ਅਨੁਸਾਰ ਕਾਰਵਾਈ ਕਰਨ ਲਈ ਸਰਕਾਰ ਦੇ ਹੱਕ ਰਾਖਵੇਂ ਹੋਣਗੇ। ਇਸ ਤੋਂ ਇਲਾਵਾ ਜੇਕਰ ਕਰਮਚਾਰੀ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਆਉਂਦੀ ਹੈ ਤਾਂ ਉਸਦੀ ਭਰਪਾਈ ਨਿਯਮਾਂ/ਹਦਾਇਤਾਂ ਅਨੁਸਾਰ ਉਨ੍ਹਾਂ ਦੇ ਗਰੈਚੁਟੀ/ਲੀਵ ਇਨਕੈਸ਼ਮੈਂਟ/ਪੈਨਸ਼ਨ ਵਿਚੋਂ ਕਰ ਲਈ ਜਾਵੇਗੀ।

ਰਾਹੁਲ ਤਿਵਾੜੀ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ ਵਿਭਾਗ

ਚੰਡੀਗੜ੍ਹ
ਮਿਤੀ 1 ਜੁਲਾਈ, 2026

3785/7-2026/Pb. Govt. Press, S.A.S. Nagar